# ਮਲੇਰਕੋਟਲਾ ਕਾਂਡ - ਆਪ ਵਿਧਾਇਕ ਨੇ ਕਿਹਾ, ਸਬੂਤ ਹੈ ਤਾਂ ਫਾਂਸੀ ਲਾ ਦਿਓ

**ਨਵੀਂ ਦਿੱਲੀ/ ਧੰਨਵਾਦ ਸਹਿਤ : ਪੰਜਾਬ ਮੇਲ**

ਪੰਜਾਬ ਦੇ ਮਲੇਰਕੋਟਲਾ 'ਚ ਕੁਰਾਨ ਦੀ ਬੇਅਦਬੀ ਦੇ ਮਾਮਲੇ 'ਚ ਪੁਲਿਸ ਨੇ ਆਮ ਆਦਮੀ ਪਾਰਟੀ (ਆਪ) ਦੇ ਮਹਿਰੌਲੀ ਤੋਂ ਵਿਧਾਇਕ ਨਰੇਸ਼ ਯਾਦਵ 'ਤੇ ਮੁਕੱਦਮਾ ਦਰਜ ਕੀਤਾ ਹੈ। ਇਸ ਮਾਮਲੇ 'ਚ ਗ੍ਰਿਫਤਾਰ ਵਿਅਕਤੀ ਨੇ ਖੁਲਾਸਾ ਕੀਤਾ ਹੈ ਕਿ ਉਸ ਨੂੰ ਵਿਧਾਇਕ ਨੇ ਇਸ ਕੰਮ ਲਈ ਇਕ ਕਰੋੜ ਰੁਪਏ ਦੇਣ ਦਾ ਵਾਅਦਾ ਕੀਤਾ ਸੀ।



ਦੂਜੇ ਪਾਸੇ ਆਪ ਵਿਧਾਇਕ ਨੇ ਕਿਹਾ ਕਿ ਇਹ ਗਲਤ ਦੋਸ਼ ਹੈ। ਜਦੋਂ ਪੂਰੇ ਦੇਸ਼ 'ਚ ਹਿੰਦੂ, ਮੁਸਲਮਾਨ, ਸਿੱਖ ਅਤੇ ਇਸਾਈ ਸਾਨੂੰ ਸਮਰਥਨ ਦੇ ਰਹੇ ਹਨ ਅਤੇ ਜਦੋਂ ਹੁਣ ਚੋਣਾਂ ਜਿੱਤ ਰਹੇ ਹਾਂ ਤਾਂ ਫਿਰ ਮੈਂ ਅਜਿਹਾ ਕਿਉਂ ਕਰਾਂਗਾ? ਇਸ ਮਾਮਲੇ 'ਚ ਮੇਰੀ ਕੋਈ ਸ਼ਮੂਲੀਅਤ ਨਹੀਂ ਹੈ। ਜੇ ਸਬੂਤ ਨੇ ਤਾਂ ਮੈਨੂੰ ਫਾਂਸੀ ਦੇ ਦਿਓ। ਉਨ੍ਹਾਂ ਕਿਹਾ ਕਿ ਦੇਸ਼ ਦੀ ਜਨਤਾ ਜਾਣਦੀ ਹੈ ਕਿ ਅਜਿਹੀ ਹਰਕਤ ਸਿਰਫ ਇਕ ਹੀ ਪਾਰਟੀ ਕਰ ਸਕਦੀ ਹੈ। ਆਪ ਨੇ ਇਸ ਮੁੱਦੇ ਨੂੰ ਲੈ ਕੇ ਅਕਾਲੀ ਦਲ-ਭਾਜਪਾ ਗਠਜੋੜ ਸਰਕਾਰ 'ਤੇ ਨਿਸ਼ਾਨਾ ਸੇਧਿਆ। ਪਾਰਟੀ ਨੇਤਾ ਆਸ਼ੂਤੋਸ਼ ਨੇ ਕਿਹਾ ਕਿ ਇਹ ਭਾਜਪਾ ਦੀ ਬੋਖਲਾਹਟ ਨੂੰ ਦਿਖਾਉਂਦਾ ਹੈ ਕਿਉਂਕਿ ਆਪ ਆਦਮੀ ਪਾਰਟੀ ਪੰਜਾਬ ਚੋਣਾਂ 'ਚ ਇਨ੍ਹਾਂ ਦਾ ਸਫਾਇਆ ਕਰਨ ਜਾ ਰਹੀ ਹੈ। ਉਥੇ ਹੀ ਆਪ ਨੇਤਾ ਸੰਜੇ ਸਿੰਘ ਨੇ ਇਸ 'ਤੇ ਸਫਾਈ ਦਿੰਦਿਆਂ ਕਿਹਾ ਕਿ ਜਿਹੜੀ ਪਾਰਟੀ ਧਰਮ ਨਿਰਪੱਖਤਾ ਦੀ ਗੱਲ ਕਰਦੀ ਹੈ, ਦੇਸ਼ ਭਗਤੀ ਦੀ ਗੱਲ ਕਰਦੀ ਹੈ, ਉਸ 'ਤੇ ਅਜਿਹੇ ਦੋਸ਼ ਲਾਏ ਜਾ ਰਹੇ ਹਨ, ਪੰਜਾਬ ਦੀ ਜਨਤਾ ਵਿਰੋਧੀਆਂ ਦੀਆਂ ਅਜਿਹੀਆਂ ਕੋਝੀਆਂ ਹਰਕਤਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਇਸ ਆਪ ਨੇਤਾ ਨੂੰ ਫਸਾਉਣ ਪਿੱਛੇ ਅਕਾਲੀ ਦਲ-ਭਾਜਪਾ ਦਾ ਹੱਥ ਹੈ। ਪੂਰਾ ਦੇਸ਼ ਜਾਣਦਾ ਹੈ ਕਿ 2002 ਦੇ ਦੰਗੇ ਕਰਾਉਣ ਵਾਲੇ ਲੋਕ ਕੌਣ ਹਨ। ਮੁਜ਼ੱਫਰਨਗਰ 'ਚ ਦੰਗੇ ਕਰਾਉਣ ਵਾਲੇ ਲੋਕ ਕੌਣ ਹਨ। ਅਖਲਾਕ ਦੀ ਹੱਤਿਆ ਕਰਵਾਉਣ ਵਾਲੇ ਲੋਕ ਕੌਣ ਹਨ।

ਆਪ ਵਿਧਾਇਕ ਦਾ ਇਸ ਸੰਵੇਦਨਸ਼ੀਲ ਮਾਮਲੇ 'ਚ ਨਾਮ ਆਉਣ ਤੋਂ ਬਾਅਦ ਰਾਜਨੀਤੀ ਵੀ ਗਰਮਾ ਗਈ ਹੈ। ਸ਼੍ਰੋਮਣੀ ਅਕਾਲੀ ਦਲ ਨੂੰ 'ਆਪ' ਵਿਰੁੱਧ ਵੱਡਾ ਮੁੱਦਾ ਮਿਲ ਗਿਆ ਹੈ।

# ਲਾਲ ਬੱਤੀ ਵਾਲੀਆਂ ਗੱਡੀਆਂ 'ਚ ਹੁੰਦਾ ਨਸ਼ੇ ਦਾ ਕਾਰੋਬਾਰ - ਨਵਜੋਤ ਕੌਰ ਸਿੱਧੂ



**ਜਲੰਧਰ/ ਧੰਨਵਾਦ ਸਹਿਤ: ਪੰਜਾਬ ਮੇਲ**

ਪੰਜਾਬ ਵਿੱਚ ਨਸ਼ੇ ਦਾ ਕਾਰੋਬਾਰ ਲਾਲ ਬੱਤੀ ਵਾਲੀਆਂ ਗੱਡੀਆਂ ਵਿੱਚ ਹੁੰਦਾ ਹੈ। ਇਹ ਕਹਿਣਾ ਹੈ ਸਿਹਤ ਵਿਭਾਗ ਦੀ ਸੀ.ਪੀ.ਐਸ. ਤੇ ਭਾਜਪਾ ਵਿਧਾਇਕ ਨਵਜੋਤ ਕੌਰ ਸਿੱਧੂ ਦਾ। ਸਿੱਧੂ ਨੇ ਇਹ ਗੱਲ ਭਾਜਪਾ ਦੀ ਦੋ ਦਿਨਾਂ ਦੀ ਚੱਲ ਰਹੀ ਬੈਠਕ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਸਿੱਧੂ ਨੇ ਪੰਜਾਬ ਵਿੱਚ ਵੱਧ ਰਹੇ ਨਸ਼ੇ ਦੇ ਕਾਰੋਬਾਰ ਨੂੰ ਲੈ ਕੇ ਆਪਣੀ ਹੀ ਸਰਕਾਰ ਖਿਲਾਫ ਇਹ ਬਿਆਨ ਦਿੱਤਾ ਹੈ।

ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਸਾਰਿਆਂ ਨੂੰ ਲਾਲ ਬੱਤੀ ਵਾਲੀਆਂ ਗੱਡੀਆਂ ਮਿਲੀਆਂ ਹਨ। ਇਨ੍ਹਾਂ ਗੱਡੀਆਂ ਵਿੱਚ ਹੀ ਨਸ਼ੇ ਦਾ ਕਾਰੋਬਾਰ ਹੁੰਦਾ ਹੈ। ਉਨ੍ਹਾਂ ਇੱਥੋਂ ਤੱਕ ਕਿਹਾ ਕਿ ਪੰਜਾਬ ਵਿੱਚ ਚੱਲ ਰਹੀਆਂ ਨਿੱਜੀ ਬੱਸਾਂ ਵਿੱਚ ਵੀ ਨਸ਼ੇ ਦੀ ਤਸਕਰੀ ਹੁੰਦੀ ਹੈ। ਪੰਜਾਬ ਪੁਲਿਸ ਵੀ ਇਨ੍ਹਾਂ ਬੱਸਾਂ ਦੀ ਚੈਕਿੰਗ ਨਹੀਂ ਕਰਦੀ।

ਉਨ੍ਹਾਂ ਬੀ.ਐਸ.ਐਫ. ਦਾ ਪੱਖ ਲੈਂਦਿਆਂ ਕਿਹਾ ਕਿ ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਬੀ.ਐਸ.ਐਫ. ਦੇ ਅਫਸਰਾਂ ਕੋਲ ਜ਼ਿਆਦਾ ਪੈਸਾ ਹੈ ਜਾਂ ਪੰਜਾਬ ਪੁਲਿਸ ਕੋਲ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੇ ਅਫਸਰਾਂ ਕੋਲ ਏਨ੍ਹਾਂ ਪੈਸਾ ਕਿੱਥੋਂ ਆਉਂਦਾ ਹੈ। ਸਿੱਧੂ ਨੇ ਦੱਸਿਆ ਕਿ ਉਹ ਆਪ ਇਸ ਮਾਮਲੇ ਨੂੰ ਲੈ ਕੇ ਮੁੱਖ ਮੰਤਰੀ ਕੋਲ ਗਏ ਸਨ ਕਿ ਲੀਡਰਾਂ ਕੋਲ ਪੈਸਾ ਕਿੱਥੋਂ ਆ ਰਿਹਾ ਹੈ ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਵਿਧਾਇਕਾਂ ਦੀ ਵੀ ਹਰ ਦੋ ਸਾਲ ਬਾਅਦ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ।

# ਪੰਜਾਬੀ ਗਾਇਕਾ ਸਤਵਿੰਦਰ ਬਿੱਟੀ ਕਾਂਗਰਸ 'ਚ ਸ਼ਾਮਿਲ

**ਚੰਡੀਗੜ੍ਹ :** ਮਸ਼ਹੂਰ ਪੰਜਾਬੀ ਗਾਇਕਾ ਸਤਵਿੰਦਰ ਬਿੱਟੀ ਕਾਂਗਰਸ ਪਾਰਟੀ 'ਚ ਸ਼ਾਮਿਲ ਹੋ ਗਈ। ਉਨ੍ਹਾਂ ਨੂੰ ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੀਨੀਅਰ ਆਗੂਆਂ ਸੁਨੀਲ ਜਾਖੜ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਕੇਵਲ ਢਿਲੋਂ, ਰਾਣਾ ਗੁਰਮੀਤ ਸਿੰਘ ਸੋਢੀ ਤੇ ਸੁੱਖ ਸਰਕਾਰੀਆ ਦੀ ਮੌਜੂਦਗੀ 'ਚ ਪਾਰਟੀ 'ਚ ਸ਼ਾਮਿਲ ਕੀਤਾ ਗਿਆ। ਜ਼ਿਕਰਯੋਗ ਹੈ ਕਿ ਬਿੱਟੀ ਇਕ ਮਸ਼ਹੂਰ ਗਾਇਕਾ ਹੋਣ ਤੋਂ ਇਲਾਵਾ, ਕੌਮੀ ਪੱਧਰੀ ਹਾਕੀ ਖਿਡਾਰਨ ਵੀ ਰਹੀ ਹੈ, ਜਿਸ ਨੇ ਪੰਜਾਬ ਤੇ ਏਅਰ ਇੰਡੀਆ ਲਈ ਕੌਮੀ ਪੱਧਰ 'ਤੇ ਨੁਮਾਇੰਦਗੀ ਕੀਤੀ ਹੈ। ਉਹ ਪਟਿਆਲਾ ਨਾਲ ਸਬੰਧਤ ਹੈ।




ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਉਹ ਹਮੇਸ਼ਾ ਤੋਂ ਕੈਪਟਨ ਅਮਰਿੰਦਰ ਦੀ ਅਗਵਾਈ ਤੋਂ ਪ੍ਰਭਾਵਿਤ ਰਹੀ ਹੈ ਅਤੇ ਉਹ ਇਸ ਨਤੀਜੇ 'ਤੇ ਪਹੁੰਚ ਗਈ ਸੀ ਕਿ ਸਿਰਫ ਕੈਪਟਨ ਅਮਰਿੰਦਰ ਹੀ ਪੰਜਾਬ ਨੂੰ ਤਰੱਕੀ ਤੇ ਖੁਸ਼ਹਾਲੀ ਵੱਲ ਲਿਜਾ ਸਕਦੇ ਹਨ। ਇਸ ਤੋਂ ਇਲਾਵਾ, ਪਟਿਆਲਾ ਨਾਲ ਸਬੰਧਤ ਹੋਣ ਕਾਰਨ ਉਨ੍ਹਾਂ 'ਤੇ ਕੈਪਟਨ ਅਮਰਿੰਦਰ ਦਾ ਵਿਸ਼ੇਸ਼ ਪ੍ਰਭਾਵ ਹੈ ਤੇ ਉਹ ਉਨ੍ਹਾਂ ਦਾ ਸਤਿਕਾਰ ਕਰਦੀ ਹੈ।

ਬਿੱਟੀ ਨੇ ਕਿਹਾ ਕਿ ਉਹ ਕਿਸੇ ਵੀ ਕਾਰਨ ਜਾਂ ਸਥਿਤੀ 'ਚ ਹਾਲੇ ਤੱਕ ਕਿਸੇ ਵੀ ਪਾਰਟੀ 'ਚ ਸ਼ਾਮਿਲ ਨਹੀਂ ਸਨ। ਉਹ ਹਮੇਸ਼ਾ ਤੋਂ ਪੰਜਾਬ ਪ੍ਰਤੀ ਬਹੁਤ ਚਿੰਤਤ ਰਹੀ ਹਨ ਅਤੇ ਉਨ੍ਹਾਂ ਨੂੰ ਪੱਕਾ ਭਰੋਸਾ ਹੈ ਕਿ ਕੈਪਟਨ ਅਮਰਿੰਦਰ ਮੁੱਖ ਮੰਤਰੀ ਬਣਨਗੇ। ਜਿਸ ਮਹਾਨ ਕੰਮ 'ਚ ਉਨ੍ਹਾਂ ਨੇ ਵੀ ਹਿੱਸਾ ਪਾਉਣ ਦਾ ਫੈਸਲਾ ਕੀਤਾ ਹੈ। ਬਿੱਟੀ ਦਾ ਕੈਪਟਨ ਅਮਰਿੰਦਰ ਨੇ ਪਾਰਟੀ 'ਚ ਸਵਾਗਤ ਕਰਦਿਆਂ ਕਿਹਾ ਕਿ ਉਹ ਪਾਰਟੀ ਲਈ ਇਕ ਵੱਡੀ ਤਾਕਤ ਸਾਬਤ ਹੋਣਗੇ, ਜਿਨ੍ਹਾਂ ਦੀ ਸ਼ਾਨਦਾਰ ਪ੍ਰਤਿਭਾ ਦੇ ਬਹੁਤ ਸਾਰੇ ਨੌਜਵਾਨ ਪ੍ਰਸ਼ੰਸਕ ਹਨ।

# ਬਾਲੀਵੁੱਡ ਅਦਾਕਾਰਾ ਕ੍ਰਿਸ਼ਮਾ ਕਪੂਰ ਤੇ ਸੰਜੇ ਕਪੂਰ ਦਾ ਤਲਾਕ ਮੁੰਬਈ ਦੀ ਅਦਾਲਤ ਨੇ ਕੀਤਾ ਮਨਜ਼ੂਰ

**ਮੁੰਬਈ / ਡਾ. ਮਨਜੀਤ ਸਿੰਘ ਸਰਾਂ**

ਬਾਲੀਵੁੱਡ ਅਦਾਕਾਰਾ ਤੇ ਰਣਧੀਰ ਕਪੂਰ ਦੀ ਬੇਟੀ ਕ੍ਰਿਸ਼ਮਾ ਕਪੂਰ ਦਾ ਵਿਆਹ 2003 'ਚ ਇਕ ਉਘੇ ਬਿਜਨਸਮੈਨ ਸੰਜੇ ਕਪੂਰ ਨਾਲ ਹੋਇਆ ਸੀ ਜਿਨ੍ਹਾਂ ਦੇ ਦੋ ਬੱਚੇ ਸਮੀਰਾ ਤੇ ਕਿਆਨ ਪੈਦਾ ਹੋਏ ਤੇ ਉਸ ਤੋਂ ਬਾਅਦ ਦੋਹਾਂ ਜੀਆਂ ਦੀ ਆਪਿਸ 'ਚ ਅਨ-ਬਣ ਹੋ ਗਈ ਅਤੇ ਤਲਾਕ ਲੈ ਅਦਾਲਤ 'ਚ ਅਰਜ਼ੀ ਦਾਇਰ ਕਰ ਦਿੱਤੀ ਸੀ।



ਅਰਜੀਆਂ ਦਾ ਫੈਸਲਾ ਮੁੰਬਈ ਦੀ ਇਕ ਅਦਾਲਤ ਨੇ ਕਰਦਿਆਂ ਦੋਹਾਂ ਦਾ ਤਲਾਕ ਮਨਜ਼ੂਰ ਕਰ ਦਿੱਤਾ। ਅਦਾਲਤ ਮੁਤਾਬਿਕ ਦੋਵੇਂ ਬੱਚੇ ਕ੍ਰਿਸ਼ਮਾ ਕੋਲ ਹੀ ਰਹਿਣਗੇ। ਸੰਜੇ ਨੇ ਦੋਹਾਂ ਬੱਚਿਆਂ ਦੇ ਨਾਂ 14 ਕਰੋੜ ਦੀ ਐਫ.ਡੀ. ਕਰਵਾ ਦਿੱਤੀ ਗਈ ਹੈ, ਜਿਸ ਦਾ ਵਿਆਜ ਤਕਰੀਬਨ ਇਕ ਮਹੀਨੇ ਦਾ 10 ਲੱਖ ਰੁਪੈ ਬਣਦਾ ਹੈ ਅਤੇ ਉਹ ਆਪਣੇ ਬੱਚਿਆਂ ਨੂੰ ਹਰ ਹਫਤੇ ਸ਼ਨੀਵਾਰ ਤੇ ਐਤਵਾਰ ਮਿਲ ਸਕਦੇ ਹਨ।

# ਕੇਜਰੀਵਾਲ ਸਰਕਾਰ ਦੇ ਟਰਾਂਸਪੋਰਟ ਮੰਤਰੀ ਗੋਪਾਲ ਰਾਏ ਨੇ ਦਿੱਤਾ ਅਸਤੀਫਾ

**ਨਵੀਂ ਦਿੱਲੀ :** ਕੇਜਰੀਵਾਲ ਸਰਕਾਰ ਦੇ ਟਰਾਂਸਪੋਰਟ ਮੰਤਰੀ ਨੇ ਅਸਤੀਫਾ ਦੇ ਦਿੱਤਾ ਹੈ। ਦਿੱਲੀ ਦੇ ਟਰਾਂਸਪੋਰਟ ਮੰਤਰੀ ਗੋਪਾਲ ਰਾਏ ਦਾ ਅਸਤੀਫਾ ਮੁੱਖ ਮੰਤਰੀ ਨੇ ਮਨਜ਼ੂਰ ਕਰ ਲਿਆ ਹੈ। ਉਨ੍ਹਾਂ ਦੀ ਥਾਂ 'ਤੇ ਹੁਣ ਸਤੇਂਦਰ ਜੈਨ ਨੂੰ ਟਰਾਂਸਪੋਰਟ ਵਿਭਾਗ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।



ਗੋਪਾਲ ਰਾਏ ਨੇ ਆਪਣੀ ਸਿਹਤ ਠੀਕ ਨਾ ਹੋਣ ਦਾ ਹਵਾਲਾ ਦਿੰਦਿਆਂ ਅਹੁਦਾ ਛੱਡਣ ਦੀ ਅਪੀਲ ਕੀਤੀ ਸੀ। ਦਰਅਸਲ ਗੋਪਾਲ ਰਾਏ ਦੇ ਕਰੀਬ 17 ਸਾਲ ਪਹਿਲਾਂ ਗਲ ਵਿਚ ਗੋਲੀ ਵੱਜੀ ਸੀ। ਪਿਛਲੇ ਮਹੀਨੇ ਹੀ ਸਰਜਰੀ ਕਰਕੇ ਗੋਲੀ ਕੱਢੀ ਗਈ ਹੈ। ਗੋਪਾਲ ਰਾਏ ਮੁਤਾਬਕ ਉਨ੍ਹਾਂ ਨੂੰ ਅਜੇ ਹੋਰ ਇਲਾਜ ਦੀ ਜ਼ਰੂਰਤ ਹੈ, ਜਿਸ ਕਾਰਨ ਉਹ ਮੰਤਰਾਲੇ ਦਾ ਕੰਮ-ਕਾਰ ਨਹੀਂ ਸੰਭਾਲ ਸਕਦੇ। ਉਧਰ ਗੋਪਾਲ ਰਾਏ ਦੇ ਇਸ ਕਦਮ ਨੂੰ ਲੈ ਕੇ ਭਾਜਪਾ ਦਾ ਆਪਣਾ ਤਰਕ ਹੈ। ਭਾਜਪਾ ਮੁਤਾਬਕ ਪ੍ਰੀਮੀਅਮ ਬੱਸ ਯੋਜਨਾ ਵਿਚ ਏਸੀਬੀ ਦੀ ਜਾਂਚ ਤੋਂ ਘਬਰਾ ਕੇ ਗੋਪਾਲ ਰਾਏ ਆਪਣਾ ਅਹੁਦਾ ਛੱਡ ਰਹੇ ਹਨ।

# ਨਸ਼ਾਖੋਰਾਂ ਦੀ ਗਿਣਤੀ ਵਿਚ ਪੰਜਾਬ, ਹਰਿਆਣਾ ਤੋਂ ਬਾਅਦ ਕਸ਼ਮੀਰ ਦੀ ਵਾਰੀ

**ਸ੍ਰੀਨਗਰ** - ਪੋਸਟ ਗ੍ਰੈਜੂਏਟ ਇਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਪੀ. ਜੀ. ਆਈ. ਐੱਮ.ਐੱਸ.) ਰੋਹਤਕ ਵਲੋਂ ਇਕੱਤਰ ਡਾਟੇ ਅਨੁਸਾਰ ਕੇਵਲ ਪਿਛਲੇ ਚਾਰ ਸਾਲਾਂ ਵਿਚ ਨਸ਼ਾਖੋਰਾਂ ਦੀ ਗਿਣਤੀ ਵਿਚ ਚਾਰ ਗੁਣਾ ਹੋ ਗਈ ਹੈ। ਜਨਵਰੀ ਅਤੇ ਜੂਨ ਵਿਚਕਾਰ ਇਸ ਸੰਸਥਾ ਵਿਚ ਇਲਾਜ ਦੇ ਲਈ ਕਰੀਬ 1700 ਨਸ਼ਾਖੋਰ ਆ ਚੁੱਕੇ ਹਨ। ਮਨੋਰੋਗ ਵਿਭਾਗ ਅਨੁਸਾਰ ਉਨ੍ਹਾਂ ਵਿਚੋਂ ਲਗਭਗ 70% ਦੀ ਉਮਰ 17 ਤੋਂ 25 ਸਾਲ ਦੇ ਵਿਚਕਾਰ ਹੈ।



ਮਨੋਰੋਗ ਹਸਪਤਾਲ ਸ੍ਰੀਨਗਰ ਵਿਚ ਸਲਾਹਕਾਰ ਮਨੋਰੋਗ ਡਾ. ਅਰਸ਼ਿਦ ਹੁਸੈਨ ਨੇ ਕਿਹਾ ਹੈ,"ਸਾਡੇ ਓ. ਪੀ. ਡੀ. ਵਿਚ 4000 ਤੋਂ ਵੱਧ ਲੋਕ ਹਨ, ਜਿਹੜੇ ਨਸ਼ਿਆਂ ਦੇ ਆਦੀ ਹਨ। ਉਹ ਜ਼ਿਆਦਾਤਰ ਚਰਸ ਲੈਂਦੇ ਹਨ, ਜਿਹੜੀ ਕਸ਼ਮੀਰ ਵਿਚ ਹਰ ਜਗ੍ਹਾ ਉਪਲਬਧ ਹੈ ਪਰ ਹੁਣ ਨੌਜਵਾਨ ਸਾਡੇ ਕੋਲ ਇਸ ਲਾਹਨਤ ਤੋਂ ਛੁਟਕਾਰਾ ਪਾਉਣ ਲਈ ਆਉਂਦੇ ਹਨ। ਮਨੋਰੋਗ ਹਸਪਤਾਲ ਸ੍ਰੀਨਗਰ ਵਿਚ ਸਹਿਯੋਗੀ ਪ੍ਰੋਫੈਸਰ ਡਾ. ਜੈਦਵਾਨੀ ਨੇ ਕਿਹਾ ਹੈ ਕਿ ਹੁਣ ਕਈ ਤਰ੍ਹਾਂ ਦੇ ਨਸ਼ੇ ਬਾਜ਼ਾਰ ਵਿਚ ਸਸਤੇ ਮਿਲ ਜਾਣ ਕਰ ਕੇ ਉਨ੍ਹਾਂ ਦੀ ਵਿਕਰੀ ਅਤੇ ਸੇਵਨ ਧੜੱਲੇ ਨਾਲ ਹੋਣ ਲੱਗੇ ਹਨ।

ਉਨ੍ਹਾਂ ਕਿਹਾ ਕਿ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ ਜਿਥੇ ਨੌਜਵਾਨ ਸ੍ਰੀਨਗਰ ਦੇ ਵਧੀਆ ਸਕੂਲਾਂ ਵਿਚ ਪੜ੍ਹ ਰਹੇ ਹਨ ਪਰ ਉਨ੍ਹਾਂ ਨੂੰ ਚਰਸ ਅਤੇ ਮੈਡੀਕਲ ਅਫੀਮ ਦਾ ਸੇਵਨ ਕਰਦੇ ਪਾਇਆ ਗਿਆ ਹੈ। ਡਾ. ਵਾਨੀ ਨੇ ਕਿਹਾ ਕਿ ਨਸ਼ਾਖੋਰੀ ਦੇ ਕਾਰਨ ਸਥਿਤੀ ਕਾਫੀ ਗੰਭੀਰ ਹੈ। ਸਰਕਾਰ ਵਲੋਂ ਕਾਰਵਾਈ ਕੀਤੇ ਜਾਣ ਦਾ ਇਹ ਹੀ ਸਮਾਂ ਹੈ।

ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਕਿਹਾ ਹੈ ਕਿ ਕਾਨੂੰਨਸਾਜ਼ਾਂ ਨੂੰ ਵਿਧਾਨ ਸਭਾ ਵਿਚ ਇਹ ਮੁੱਦਾ ਉਠਾਉਣਾ ਚਾਹੀਦਾ ਸੀ ਅਤੇ ਉਸ 'ਤੇ ਬਹਿਸ ਹੋਣੀ ਚਾਹੀਦੀ ਸੀ। ਪੁਲਸ ਸੂਤਰਾਂ ਨੇ ਕਿਹਾ ਹੈ ਕਿ ਨਸ਼ੀਲੇ ਪਦਾਰਥਾਂ ਨੂੰ ਪੰਜਾਬ ਦੇ ਡਰੱਗ ਮਾਫੀਆ ਵਲੋਂ ਲਖਨਪੁਰ ਰਾਹੀਂ ਸਮੱਗਲ ਕੀਤਾ ਜਾ ਰਿਹਾ ਹੈ।